# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਫੇਜ਼-8, ਐਸ.ਏ.ਐਸ.ਨਗਰ।

ਹੁਕਮ ਨੰ: 10/226-06 ਅ-3 (4)/ ਕੋ:ਸੈਲ (2)
ਮਿਤੀ, ਐਸ.ਏ.ਐਸ.ਨਗਰ :- 11-03-15

ਸ਼੍ਰੀਮਤੀ ਕੰਵਲਪ੍ਰੀਤ , ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਬਸਤੀ ਕੇਸਰ ਸਿੰਘ ਵਾਲੀ, ਜ਼ਿਲ੍ਹਾ ਫਿਰੋਜ਼ਪੁਰ ਜੋ ਮਿਤੀ 01-02-2006 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/226-06 ਅ-3 (4) ਮਿਤੀ 14-12-2006 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵੱਲੀ 1970 ਦੀ ਧਾਰਾ 8 ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ।

ਸ਼੍ਰੀਮਤੀ ਕੰਵਲਪ੍ਰੀਤ , ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਬਸਤੀ ਕੇਸਰ ਸਿੰਘ ਵਾਲੀ, ਜ਼ਿਲ੍ਹਾ ਫਿਰੋਜ਼ਪੁਰ ਵੱਲੋ ਦੋਸ਼ ਸੂਚੀ ਦੇ ਵਿਰੁੱਧ ਕੋਈ ਲਿਖਤੀ ਜਾਂ ਜ਼ੁਬਾਨੀ ਉਤੱਰ ਨਹੀਂ ਦਿਤਾ ਗਿਆ ।

ਫਿਰ ਵੀ ਕੁਦਰਤੀ ਨਿਯਾਂ ਨੂੰ ਮੁੱਖ ਰੱਖਦੇ ਹੋਏ ਡਿਊਟੀ ਤੋਂ ਲਗਾਤਾਰ ਅਣਅਧਿਕਾਰਤ ਤੌਰ ਤੇ ਗੈਰਹਾਜ਼ਰ ਰਹਿਣ ਵਾਲੇ ਕਰਮਚਾਰੀਆਂ ਲਈ ਇਕ ਸਾਂਝਾ ਇਸ਼ਤਿਹਾਰ ਦੋ ਉਘੇ ਅਖਬਾਰਾਂ ਵਿੱਚ ਦਿੱਤਾ ਗਿਆ ਜਿਸ ਵਿੱਚ ਲੜੀ ਨੰ:6 ਤੇ ਇਸ ਕਰਮਚਾਰਨ ਦਾ ਨਾਂ ਵੀ ਸਾਮਲ ਸੀ। ਇਹ ਇਸ਼ਤਿਹਾਰ ਮਿਤੀ 20-01-15 ਦੇ ਅਜੀਤ ਅਖਬਾਰ ਵਿਚ ਛਪਿਆ ਸੀ ਜਿਸ ਵਿਚ ਲਿਖਿਆ ਗਿਆ ਸੀ ਕਿ ਸਬੰਧਤ ਕਰਮਚਾਰਨ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦੀ ਹੈ। ਇਸ ਨੋਟਿਸ ਦੇ ਸਨਮੁੱਖ ਕਰਮਚਾਰਨ ਵੱਲੋਂ ਨਾ ਤਾਂ ਕੋਈ ਉਤਰ ਦਿੱਤਾ ਗਿਆ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ ਗਿਆ। ਇਸ ਤੋ ਸਪਸ਼ਟ ਹੈ ਕਿ ਇਹ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 13 (ii) ਦੀਆਂ ਪ੍ਰੋਵੀਜ਼ਨਜ਼ ਦੇ ਸਨਮੁੱਖ ਵੀ ਸਪਸ਼ਟ ਹੈ ਕਿ ਇਸ ਸਟੇਜ ਤੇ ਕੋਈ further ਇਨਕੁਆਰੀ reasonably practicable ਨਹੀਂ।

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਵੱਖ-ਵੱਖ ਸਮੇਂ ਤੇ ਦਿੱਤੀਆਂ ਜੱਜਮੈਂਟਸ ਰਾਹੀਂ ਅਜਿਹੀ ਲੰਬੀ ਗੈਰ ਹਾਜ਼ਰੀ ਵਿੱਚ ਕਰਮਚਾਰੀ ਦੀ ਨੌਕਰੀ ਤੋਂ abandonment ਸਮਝ ਕੇ ਬਿਨਾਂ ਕਿਸੇ further notice ਜਾਂ ਇਨਕੁਆਰੀ ਦੇ ਉਸ ਦੀਆਂ ਸੇਵਾਵਾਂ ਖਤਮ ਕਰਨ ਨੂੰ ਜਾਇਜ਼ ਠਹਿਰਾਇਆ ਹੈ।

ਮਾਨਯੋਗ ਸੁਪਰੀਮ ਕੋਰਟ ਵੱਲੋਂ Jeewan Lal Ltd. Calcutta Vs its Workmen AIR 1961 SC 1567ਦੇ ਫੈਸਲੇ ਵਿੱਚ ਹੇਠ ਦਰਸਾਏ ਅਨੁਸਾਰ ਪ੍ਰੇਖਣ ਕੀਤੇ ਗਏ ਹਨ:-

"If an employee continues to be absent from duty without obtaining leave and in an unauthorized manner for such a long period of time that an inference may reasonably be drawn from such absence that by his absence he has abandoned service, then such long unauthorized absence may legitimately be held to cause a break in the continuity of service."

ਇਕ ਹੋਰ ਕੇਸ Shahoodual Vs Registrar Cooperative Societies, Bihar AIR 1974 SC 1896 ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋ ਹੇਠ ਅਨੁਸਾਰ ਫੈਸਲਾ ਦਿੱਤਾ ਹੈ:-

"After having been taken through the assertions made by both sides, we have no hesitation in coming to the conclusion that even if the appellant was being punished, so that Article 311 could apply, he had been, in the circumstances of the case, given sufficient opportunity to explain his conduct. He had failed to avail of that opportunity. It could not, therefore, be said that the requirements of natural justice or of Article 311 of the Constitution had been contravened. In any case, on the facts before us, we think that it will be useless to afford any further oportunity to the appellant to show cause why he should not be removed from service. The undenied and undeniable fact that the appellant had actually abandoned his post of duty for an exceedingly long period, without sufficient grounds for his absence, is so glaring that giving him further opportunity to disprove what he practically admits could serve no useful purpose. It could not benefit him or

make any difference to the order which could be and has been passed against him. It would only prolong his agony."

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੁਆਰਾ ਇੱਕ ਹੋਰ ਕੇਸ Vijay. S Sathaye Vs Indian Airlines Ltd. And others, ਦੇ ਕੇਸ ਵਿੱਚ ਮਿਤੀ 06-09-2013 ਨੂੰ ਦਿੱਤੇ ਫੈਸਲੇ ਵਿੱਚ ਉਪਰੋਕਤ ਨਿਰਧਾਰਤ ਕਾਨੂੰਨ ਨੂੰ ਹੇਠ ਅਨੁਸਾਰ ਮੁੜ ਪ੍ਰਮਾਣਤ ਕੀਤਾ ਹੈ:-

"Absence from duty in the beginning may be a misconduct but when absence is for a very long period, it may amount to voluntarily abandonment of service and in that eventually, the bonds of service come to an end automatically without requiring any order to be passed by the employer." ਇਹ ਜੱਜਮੈਂਟ 2014 (3) RSJ(1) ਵਿੱਚ ਪ੍ਰਕਾਸ਼ਿਤ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਦਿੱਤੇ ਉਕਤ ਫੈਸਲੇ ਅਤੇ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 13 (ii) ਦੀ ਰੌਸ਼ਨੀ ਵਿੱਚ ਸ਼੍ਰੀਮਤੀ ਕੰਵਲਪ੍ਰੀਤ , ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਬਸਤੀ ਕੇਸਰ ਸਿੰਘ ਵਾਲੀ, ਜ਼ਿਲ੍ਹਾ ਫਿਰੋਜ਼ਪੁਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 01-02-2006 ਤੋਂ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋਂ ਜਾਣਬੁਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (viii) ਅਧੀਨ ਉਸ ਦੀਆ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ/ 4556-59 ਮਿਤੀ, ਐਸ.ਏ.ਐਸ.ਨਗਰ : 13/3/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਿਰੋਜ਼ਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ। ਕਰਮਚਾਰਨ ਦੀ ਸੇਵਾ-ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬਧ ਕਰਵਾਈ ਜਾਵੇ।

ਰਜਿਸਟਰਡ

3. ਮੁੱਖ ਅਧਿਆਪਕ, ਸਰਕਾਰੀ ਮਿਡਲ ਸਕੂਲ, ਬਸਤੀ ਕੇਸਰ ਸਿੰਘ ਵਾਲੀ, ਜ਼ਿਲ੍ਹਾ ਫਿਰੋਜ਼ਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ਼੍ਰੀਮਤੀ ਕੰਵਲਪ੍ਰੀਤ, ਸਾਇੰਸ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ, ਬਸਤੀ ਕੇਸਰ ਸਿੰਘ ਵਾਲੀ, ਜ਼ਿਲ੍ਹਾ ਫਿਰੋਜ਼ਪੁਰ ਨੂੰ ਭੇਜਿਆ ਜਾਂਦਾ ਹੈ।

ਸੁਪਰਡੈਂਟ ਕੋਆਰਡੀਨੇਸਨ ਸੈਲ

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 5/3-2003 ਵੋਕ(2) ਕੋ:ਸ:(4)
ਮਿਤੀ, ਐਸ.ਏ.ਐਸ.ਨਗਰ :- 11.03.2015

ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਨੂੰ ਇਸ ਦਫ਼ਤਰ ਦੇ ਹੁਕਮ ਨੰ: 5/3-2003 ਵੋਕ(2) ਮਿਤੀ 04.03.2003 ਰਾਹੀਂ ਪੰਜ ਸਾਲ ਲਈ ਸਵੈਰੁਜ਼ਗਾਰ ਛੁੱਟੀ ਮਿਤੀ 15.02.2003 ਤੋਂ ਮੰਜੂਰ ਕੀਤੀ ਗਈ ਸੀ। ਇਹ ਛੁੱਟੀ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੀ ਪ੍ਰਤੀਬੇਨਤੀ ਮਿਤੀ 06.01.2003 ਅਤੇ ਹਲਫੀਆ ਬਿਆਨ ਮਿਤੀ 13.01.2003 ਦੇ ਸਨਮੁੱਖ ਸਰਕਾਰ ਦੀਆਂ ਹਦਾਇਤਾਂ ਨੰ: 6/21-2001-6 ਪੀ.ਪੀ.-3/5108 ਮਿਤੀ 08.05.2002ਅਨੁਸਾਰ ਵਿਸ਼ੇਸ਼ ਸ਼ਰਤਾਂ ਅਧੀਨ ਦਿੱਤੀ ਗਈ ਸੀ ਜਿਸ ਉਪਰੰਤ ਸ਼੍ਰੀ ਹਰਪ੍ਰੀਤ ਸਿੰਘ ਨੇ ਮਿਤੀ 16.02.2008 ਨੂੰ ਆਪਣੀ ਸਰਕਾਰੀ ਡਿਊਟੀ ਤੇ ਹਾਜ਼ਰ ਹੋਣਾ ਸੀ ਪਰੰਤੂ ਇਹ ਕਰਮਚਾਰੀ ਹਾਜ਼ਰ ਨਹੀਂ ਹੋਇਆ।

ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਸਵੈਰੁਜ਼ਗਾਰ ਛੁੱਟੀ ਲੈ ਕੇ ਵਿਦੇਸ਼ (ਇਟਲੀ) ਚਲਾ ਗਿਆ। ਮੰਜੂਰ ਕੀਤੀ ਗਈ ਛੁੱਟੀ ਉਪਰੰਤ ਇਹ ਕਰਮਚਾਰੀ ਡਿਊਟੀ ਤੇ ਹਾਜ਼ਰ ਨਹੀਂ ਹੋਇਆ। ਹਾਜ਼ਰ ਹੋਣ ਦੀ ਬਜਾਏ ਮਿਤੀ 10.02.2008 ਨੂੰ ਪ੍ਰਿੰਸੀਪਲ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ ਨੂੰ ਰਜਿਸਟਰਡ ਪੱਤਰ ਭੇਜ ਕੇ ਬਣਦੇ ਫੰਡ ਅਤੇ ਪ੍ਰੀਮਿਚਿਊਰ ਰਿਟਾਇਰਮੈਂਟ ਲਈ ਲਿਖ ਦਿੱਤਾ ਅਤੇ ਬਾਅਦ ਵਿੱਚ ਮਿਤੀ 24.12.2013 ਨੂੰ ਆਪਣੀ ਜੁਆਇਨਿੰਗ ਲਈ ਪ੍ਰਤੀਬੇਨਤੀ ਭੇਜ ਦਿੱਤੀ। ਇਸ ਜੁਆਇਨਿੰਗ ਦੀ ਪ੍ਰਤੀਬੇਨਤੀ ਤੋਂ ਹਾਲਾਂਕਿ ਇਹ ਸਾਫ ਸੀ ਕਿ ਸ਼੍ਰੀ ਹਰਪ੍ਰੀਤ ਸਿੰਘ ਆਪਣੇ ਸਵੈਇੱਛਾ ਰਿਟਾਇਰਮੈਂਟ ਦੇ ਨੋਟਿਸ ਨੂੰ ਛੁਪਾ ਕੇ ਵਿਭਾਗ ਨੂੰ ਗੁੰਮਰਾਹ ਕਰ ਰਿਹਾ ਹੈ ਪਰੰਤੂ ਇਸ ਦੇ ਬਾਵਜੂਦ ਵੀ ਸਰਕਾਰ ਦੀਆਂ ਹਦਾਇਤਾਂ 22.04.1992 ਤਹਿਤ ਦਫਤਰ ਵੱਲੋਂ ਆਪਣੇ ਪੱਤਰ 5/3-2003 ਵੋਕ(2)/375-377 ਮਿਤੀ 12.05.2014 ਰਾਹੀਂ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਨੂੰ ਹਾਜ਼ਰ ਕਰਵਾਉਣ ਲਈ ਆਗਿਆ ਦੇ ਦਿੱਤੀ। ਉਸ ਸਕੂਲ ਵਿੱਚ ਪੋਸਟ ਖਾਲੀ ਨਾ ਹੋਣ ਕਾਰਨ ਵਿਭਾਗ ਵੱਲੋਂ ਆਪਣੇ ਪੱਤਰ/ ਪਿੱਠ ਅੰਕਣ ਨੰ:5/3-2003 ਵੋਕ(2) 3245-49 ਮਿਤੀ 08.08.2014/12.08.2014 ਰਾਹੀਂ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੀ ਅਡਜਸਟਮੈਂਟ ਸ.ਸ.ਸ.ਸ ਸ਼ਮਸ਼ੇਰ ਖਾਸ, ਜਲੰਧਰ ਵਿਖੇ ਵੀ ਕਰ ਦਿੱਤੀ ਗਈ। ਪਰੰਤੂ ਸ਼੍ਰੀ ਹਰਪ੍ਰੀਤ ਸਿੰਘ ਇਸ ਸਕੂਲ ਵਿੱਚ ਵੀ ਹਾਜ਼ਰ ਨਹੀਂ ਹੋਇਆ ਅਤੇ ਵਿਭਾਗ ਨੂੰ ਹੋਰ ਗੁੰਮਰਾਹ ਕਰਦੇ ਹੋਏ ਇਸਨੇ ਮਿਤੀ 08.01.2015 ਨੂੰ ਪ੍ਰਤੀਬੇਨਤੀ ਭੇਜ ਕੇ ਉਕਤ ਅਡਜਸਟਮੈਂਟ ਦੇ ਹੁਕਮ ਦੀ ਕਾਪੀ ਜਾਰੀ ਕਰਨ ਲਈ ਲਿਖਿਆ।

ਇਸ ਪੂਰੇ ਮਾਮਲੇ ਦੀ ਪਰਖ ਲਈ ਅਤੇ ਕੁਦਰਤੀ ਨਿਆਂ ਦੇ ਪੱਖ ਦੇ ਸਨਮੁੱਖ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਨੂੰ ਮਿਤੀ 20.02.2015 ਨੂੰ ਨਿਜੀ ਸੁਣਵਾਈ ਲਈ ਬੁਲਾਇਆ ਗਿਆ। ਨਿਜੀ ਸੁਣਵਾਈ ਦੌਰਾਨ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਇਹ ਦੱਸਿਆ ਗਿਆ ਉਹ ਸਵੈਰੁਜ਼ਗਾਰ ਛੁੱਟੀ ਦੌਰਾਨ ਅਤੇ ਉਸ ਤੋਂ ਬਾਅਦ ਵੀ ਵਿਦੇਸ਼ ਵਿੱਚ ਰਹਿੰਦਾ ਰਿਹਾ ਹੈ। ਆਪਣੀ ਗੈਰਹਾਜ਼ਰੀ (ਸਵੈਰੁਜ਼ਗਾਰ ਛੁੱਟੀ ਉਪਰੰਤ ਮਿਤੀ 16.02.2008 ਨੂੰ ਹਾਜ਼ਰ ਨਾ ਹੋਣ ਅਤੇ ਮਿਤੀ 20.02.2015 ਤੱਕ ਵੀ ਆਪਣੀ ਡਿਊਟੀ ਤੇ ਹਾਜ਼ਰ ਨਾ ਹੋਣ) ਬਾਰੇ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਆਪਣੇ ਪੱਖ ਵਿੱਚ ਕੁਝ ਨਹੀਂ ਕਹਿ ਸਕਿਆ। ਨਿਜੀ ਸੁਣਵਾਈ ਦੌਰਾਨ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਵੱਲੋਂ ਦਿੱਤੇ ਪਾਸਪੋਰਟ ਨੂੰ ਘੋਖਣ ਤੇ ਪਾਇਆ ਗਿਆ ਕਿ ਇਨ੍ਹਾਂ ਦਾ ਪਹਿਲਾ ਪਾਸਪੋਰਟ ਨੰ: A2496327 ਮਿਤੀ 27.05.1997 ਨੂੰ ਪਾਸਪੋਰਟ ਆਫਿਸ ਚੰਡੀਗੜ੍ਹ ਵੱਲੋਂ ਜਾਰੀ ਹੋਇਆ ਸੀ। ਇਸ ਦੀ expiry ਉਪਰੰਤ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦਾ ਪਾਸਪੋਰਟ ਭਾਰਤ ਦੂਤਾਵਾਸ Milan(Italy) ਵੱਲੋਂ ਨਵੇਂ ਪਾਸਪੋਰਟ ਨੰ: F748422 ਨਾਲ ਮਿਤੀ 05.04.2007 ਤੋਂ 04.04.2017 ਤੱਕ ਲਈ ਰਿਨਿਊ ਕੀਤਾ ਗਿਆ। ਪਾਸਪੋਰਟ ਵੇਖਣ ਤੋਂ ਇਹ ਸਾਫ ਹੁੰਦਾ ਹੈ ਕਿ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਆਪਣੀ ਗੈਰਹਾਜ਼ਰੀ ਦੇ ਸਮੇਂ ਦੌਰਾਨ ਬਾਰ-ਬਾਰ ਵਿਦੇਸ਼ ਜਾਂਦੇ ਅਤੇ ਰਹਿੰਦੇ ਰਹੇ ਹਨ। ਪਾਸਪੋਰਟ ਤੇ ਅੰਕਿਤ ਇਮੀਗ੍ਰੇਸ਼ਨ ਸਟੈਂਪ ਮਿਤੀ 30.12.2014 ਇਹ ਸਪਸ਼ਟ ਕਰਦੀ ਹੈ ਕਿ ਇਹ ਸਾਲ 2014 ਤੱਕ ਬਹੁਤੇ ਸਮੇਂ ਲਈ ਬਾਹਰ ਹੀ ਰਹੇ ਹਨ। ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਵਿਭਾਗ ਪ੍ਰਤੀ ਬਿਲਕੁਲ ਵੀ commited/sincere/responsible ਨਹੀਂ ਰਿਹਾ। ਇਹ ਕਰਮਚਾਰੀ ਵਿਭਾਗ ਨੂੰ ਪੂਰੀ ਤਰ੍ਹਾਂ ਨਾਲ ਗੁੰਮਰਾਹ ਕਰਕੇ ਸਰਕਾਰੀ ਨੌਕਰੀ ਦੇ ਲਾਭ ਲੈਣ ਵਿੱਚ ਦਿਲਚਸਪੀ ਰੱਖਦਾ ਹੈ ਨਾ ਕਿ ਵਿਭਾਗ ਪ੍ਰਤੀ ਆਪਣੀ ਸੇਵਾਵਾਂ ਦੇਣ ਵਿੱਚ।

ਪੰਜਾਬ ਸਿਵਲ ਸਰਵਿਸਿਸ ਰੂਲਜ਼ ਵਾਲਿਯੂਮ-1 ਪਾਰਟ-1 ਰੂਲ 3.25 ਅਨੁਸਾਰ ਸ਼੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਮਿਤੀ 15.02.2003 ਤੋਂ ਹੁਣ ਤੱਕ ਦੀ ਲਗਾਤਾਰ ਵਿਭਾਗ ਵਿੱਚ ਗੈਰਮੌਜੂਦਗੀ ਦਾ ਕੁੱਲ ਸਮਾਂ 12 ਸਾਲ ਬਣਦਾ ਹੈ।

ਮਾਨਯੋਗ ਸੁਪਰੀਮ ਕੋਰਟ ਵੱਲੋਂ ਵੱਖ-ਵੱਖ ਸਮੇਂ ਤੇ ਵੱਖ-ਵੱਖ ਕੇਸਾਂ( Jeewan Lal Ltd. Calcutta Vs its Workmen AIR 1961 SC 1567 and Shahoodual Vs Registrar Cooperative Societies, Bihar AIR 1974 SC 1896 ਅਤੇ Vijay. S Sathaye Vs Indian Airlines Ltd. And others, ਮਿਤੀ 06-09-2013) ਵਿੱਚ ਦਿੱਤੇ ਫੈਸਲਿਆਂ ਤਹਿਤ ਇਹ ਸਪਸ਼ਟ ਕੀਤਾ ਹੈ ਕਿ ਜੇ ਕੋਈ ਕਰਮਚਾਰੀ(ਸਰਕਾਰੀ ਜਾਂ ਗੈਰ-ਸਰਕਾਰੀ) ਜੋ ਵਿਭਾਗ ਨੂੰ ਬਿਨਾਂ ਦੱਸੇ ਜਾਂ ਪ੍ਰਵਾਨਿਤ ਛੁੱਟੀ ਦਾ ਸਮਾਂ ਬੀਤ ਜਾਣ ਉਪਰੰਤ ਲੰਮਾ ਸਮਾਂ ਗੈਰਹਾਜ਼ਰ ਰਹਿੰਦਾ ਹੈ ਤਾਂ ਇਸ ਦਾ ਸਿੱਧਾ ਭਾਵ ਹੈ ਕਿ ਉਹ ਵਿਭਾਗ ਨੂੰ abandon ਕਰ ਗਿਆ ਹੈ ਅਤੇ ਸਮਰੱਥ ਅਧਿਕਾਰੀ ਅਜਿਹੇ ਕਰਮਚਾਰੀਆਂ ਸਬੰਧੀ ਕਾਰਨ ਰਿਕਾਰਡ ਕਰਨ ਉਪਰੰਤ ਬਿਨਾਂ ਕਿਸੇ ਇਨਕੁਆਰੀ ਕੰਡਕਟ ਕੀਤੇ ਉਸ ਦੀਆਂ ਸੇਵਾਵਾਂ ਸਮਾਪਤ ਕਰ ਸਕਦਾ ਹੈ।

ਉਕਤ ਅਨੁਸਾਰ ਪੰਜਾਬ ਸਿਵਲ ਸਰਵਿਸਿਸ ਰੂਲਜ਼ ਵਾਲਿਯੂਮ-1 ਪਾਰਟ-1 ਰੂਲ 3.25 ਅਤੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਦੀ ਰੌਸ਼ਨੀ ਵਿੱਚ ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ ਸ਼ਹੀਦ ਭਗਤ ਸਿੰਘ ਨਗਰ (ਦਫਤਰ ਵੱਲੋਂ ਕੀਤੀ ਅਡਜਸਟਮੈਂਟ ਅਨੁਸਾਰ ਸ.ਸ.ਸ.ਸ ਸ਼ਮਸ਼ੇਰ ਖਾਸ, ਜਲੰਧਰ) ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ 4616-20 ਮਿਤੀ, ਐਸ.ਏ.ਐਸ.ਨਗਰ :- 16/3/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ) ਸ਼ਹੀਦ ਭਗਤ ਸਿੰਘ ਨਗਰ ਨੂੰ ਕਰਮਚਾਰੀ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ ਮੁੱਖਅਧਿਆਪਕ, ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ, ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਪ੍ਰਿੰਸੀਪਲ ਸ.ਸ.ਸ.ਸ ਸ਼ਮਸ਼ੇਰ ਖਾਸ, ਜਲੰਧਰ ਨੂੰ ਸੂਚਨਾ ਹਿਤ।
5. ਸ੍ਰੀ ਹਰਪ੍ਰੀਤ ਸਿੰਘ, ਵਰਕ ਐਕਸਪੀਰੀਅੰਸ ਟੀਚਰ ਸ.ਸ.ਸ.ਸ ਲੰਗੜੋਆ, ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)

ਸੁਪਰਡੰਟ ਕੋਆਰਡੀਨੇਸ਼ਨ ਸੈਲ